Roll No. ...................... Total Pages : 11

# 1408

**GSE/M–20**

PUNJABI

(COMPULSORY)

Time : Three Hours] [Maximum Marks : 80

**ਨੋਟ** : ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ।

1. ਕਿਸੇ *ਇਕ* ਕਵੀ ਦੇ ਜੀਵਨ ਤੇ ਰਚਨਾ ਉਪਰ ਨੋਟ ਲਿਖੋ :

(ੳ) ਸੰਤੋਖ ਸਿੰਘ ਧੀਰ

(ਅ) ਡਾ: ਹਰਿਭਜਨ ਸਿੰਘ

(ੲ) ਅਵਤਾਰ ਸਿੰਘ ਪਾਸ਼। 5

2. ਕਿਸੇ ਦੋ ਕਾਵਿ-ਟੋਟਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) 'ਜ਼ੋਰ ਤੋਂ ਚਲਦੇ ਸਮੇਂ ਦਾ ਪਹੀਆ ਰੁਕ ਸਕਦਾ ਨਹੀਂ
ਇਸ ਦਵੰਦ ਦੀ ਨਜ਼ਰ ਤੋਂ ਕੋਈ ਲੁਕ ਸਕਦਾ ਨਹੀਂ
ਜਿਸ ਤਰ੍ਹਾਂ ਦਰਿਆ ਦਾ ਨਿਸ ਦਿਨ ਹਰ ਕਦਮ ਜਾਰੀ ਅਗਾਂਹ
ਇਕ ਕਦਮ ਮੇਰੇ ਅਮਲ ਦਾ ਮੁੜ ਨਹੀਂ ਸਕਦਾ ਪਿਛਾਂਹ।'

(ਅ) 'ਝੂਠ ਬੋਲਣਾ
ਧੋਖਾ ਕਰਨਾ'
ਸਭ ਤੋਂ ਚੰਗੀ ਮਾਨਵਤਾ ਹੈ।
ਸੱਚ ਆਖਣਾ, ਨਿਰਛਲ ਹੋਣਾ
ਜੰਗਲ ਦੀ ਤਹਜ਼ੀਬ ਪੁਰਾਣੀ
ਪੱਥਰ-ਯੁੱਗ ਦੀਆਂ ਪੱਥਰ ਗੱਲਾਂ
ਅੱਜ ਜਮਾਨਾ ਐਟਮ ਦਾ ਹੈ।'

(ੲ) 'ਸਾਵੀਂ ਬੋਲੀ ਸਭ ਰੁੱਖਾਂ ਦੀ, ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ, ਰੁੱਖ ਦੀ ਜੂਨੇ ਆਵਾਂ
ਜੇ ਤੁਸੀਂ ਮੇਰਾ ਗੀਤ ਹੈ ਸੁਣਨਾ, ਮੈਂ ਰੁੱਖਾਂ ਵਿਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ, ਜਿਉਣ ਰੁੱਖਾਂ ਦੀਆਂ ਛਾਵਾਂ।'

(ਸ) 'ਖੇਤਾਂ ਨੂੰ ਸਭ ਪਤਾ ਹੈ, ਮਨੁੱਖ ਦਾ ਲਹੂ ਕਿੱਥੇ ਡੁਲ੍ਹਦਾ ਹੈ,
ਤੇ ਲਹੂ ਦਾ ਮੁੱਲ ਕੀ ਹੁੰਦਾ ਹੈ,
ਇਹ ਖੇਤ ਸਭ ਜਾਣਦੇ ਹਨ।
ਇਸ ਲਈ ਐ ਰਾਤ, ਤੂੰ ਮੇਰੀਆਂ ਅੱਖਾਂ 'ਚ ਤੱਕ,
ਮੈਂ ਭਵਿੱਖ ਦੀਆਂ ਅੱਖਾਂ 'ਚ ਤੱਕਦਾ ਹਾਂ।' 5+5=10

3. ਹੇਠ ਲਿਖੇ ਕਹਾਣੀਕਾਰਾਂ ਵਿਚੋਂ ਕਿਸੇ ਇਕ ਦੀ ਰਚਨਾ-ਦ੍ਰਿਸ਼ਟੀ ਅਤੇ ਪੰਜਾਬੀ ਕਹਾਣੀ ਨੂੰ ਉਨ੍ਹਾਂ ਦੀ ਸਾਹਿਤਕ ਦੇਣ ਬਾਰੇ 250-300 ਸ਼ਬਦਾਂ ਵਿਚ ਨੋਟ ਲਿਖੋ :

(ੳ) ਕੁਲਵੰਤ ਸਿੰਘ ਵਿਰਕ

(ਅ) ਰਘਬੀਰ ਢੰਡ

(ੲ) ਅਜੀਤ ਕੌਰ। 5

4. ਵਰਿਆਮ ਸੰਧੂ ਦੁਆਰਾ ਲਿਖੀ ਕਹਾਣੀ 'ਆਪਣਾ-ਆਪਣਾ ਹਿੱਸਾ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

*ਜਾਂ*

ਅਜੀਤ ਕੌਰ ਦੁਆਰਾ ਲਿਖੀ ਕਹਾਣੀ 'ਮਾਮੀ' ਜਾਂ ਕੁਲਵੰਤ ਸਿੰਘ ਵਿਰਕ ਦੁਆਰਾ ਰਚਿਤ ਕਹਾਣੀ 'ਧਰਤੀ ਹੇਠਲਾ ਬੋਲਦ' ਦੇ ਮੁੱਖ ਪਾਤਰ ਦਾ ਚਰਿੱਤਰ ਚਿਤਰਣ ਕਰੋ। 10

5. ਆਪਣੇ ਦੋਸਤ ਜਾਂ ਸਹੇਲੀ ਨੂੰ ਪੱਤਰ ਲਿਖੋ, ਜਿਸ ਵਿਚ ਪੜ੍ਹਾਈ ਦੇ ਨਾਲ-ਨਾਲ ਸਿਹਤ/ਤੰਦਰੁਸਤੀ ਵੱਲ ਧਿਆਨ ਦੇਣ ਦੀ ਤਾਕੀਦ ਕੀਤੀ ਗਈ ਹੋਵੇ।

*ਜਾਂ*

ਹੋਸਟਲ ਵਿਚੋਂ ਆਪਣੀ ਮਾਤਾ ਜੀ ਨੂੰ ਚਿੱਠੀ ਲਿਖੋ, ਕਿ ਉਨ੍ਹਾਂ ਦੁਆਰਾ ਸਮਝਾਈਆਂ ਗਲਾਂ ਕਿਵੇਂ ਹਰ ਮੋੜ ਤੇ ਤੁਹਾਡੇ ਲਈ ਰਾਹ ਦਸੇਰੀਆਂ ਸਾਬਤ ਹੋ ਰਹੀਆਂ ਹਨ। 10

6. ਹੇਠ ਲਿਖੇ *ਦਸ* ਅਖਾਣਾਂ ਨੂੰ ਵਾਕਾਂ ਵਿਚ ਵਰਤੋ :

(ੳ) ਉਲਟਾ ਚੋਰ ਕੋਤਵਾਲ ਨੂੰ ਡਾਂਟੇ।

(ਅ) ਉੱਚਾ ਲੰਮਾ ਗਭਰੂ, ਪੱਲੇ ਠੀਕਰੀਆਂ।

(ੲ) ਆਪਣਾ ਹਾਥ, ਜਗਨ ਨਾਥ।

(ਸ) ਇਕ ਹੱਥ ਨਾਲ ਤਾੜੀ ਨਹੀਂ ਵੱਜਦੀ।

(ਹ) ਇਕ ਇਕ ਤੇਦੋ ਯਾਰਾਂ।

(ਕ) ਹੋਛੇ ਜੱਟ ਕਟੋਰਾ ਲੱਭਾ, ਪਾਣੀ ਪੀ ਪੀ ਆਫ਼ਰਿਆ।

(ਖ) ਜੈਸੀ ਸੰਗਤ ਵੈਸੀ ਰੰਗਤ।

(ਗ) ਧੋਬੀ ਦਾ ਕੁੱਤਾ, ਨਾ ਘਰ ਦਾ ਨਾ ਘਾਟ ਦਾ।

(ਘ) ਬਕਰੇ ਦੀ ਮਾਂ ਕਦ ਤਕ ਖੈਰ ਮਨਾਏਗੀ।

(ਙ) ਰੱਬ ਮਿਲਾਈ ਜੋੜੀ, ਇਕ ਅੰਨ੍ਹਾ ਤੇ ਇਕ ਕੋਹੜੀ।

10

7. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :

(ੳ) ਮੈਂ ਮਨੀਸਟਰ ਹੁੰਦਾ ਕਾਸ਼

(ਅ) ਆਉਣਾਂ ਤੁਸੀਂ ਜ਼ਰੂਰ ਮੇਰੇ ਵਿਆਹ 'ਤੇ

(ੲ) ਇਹ ਕੀ ਕਹਿਰ ਕੀਤਾ ਤੂੰ ਉਹ ਕਮਲਿਆ

(ਸ) ਨਿੰਬੂ ਦਾ ਰਸਾ ਬਹੁਤ ਖਟਾ ਹੁਨਦਾ ਹੈ

(ਹ) ਪਾਰਤ ਸਵਤੰਤਰ ਰੋਯਾਂ ਅਜ ਬਹੌਤ ਸਾਲ ਹੋ ਗਏ ਹਨ

(ਕ) ਸਿੰਗ ਸੁਰਮੇ ਜਾਨ ਤਲੀ ਤੇ ਤਰ ਕੇ ਲੜ੍ਹਦੇ ਹਨ

(ਖ) ਦੂਰ ਦੇ ਡੋਲ ਛੁਹਾਵਨੇ

(ਗ) ਨਹਰ ਪਾਨੀ ਨਾਲ ਭਰੀ ਹੋਈ ਹੈ

(ਘ) ਬਚਚਾ ਭੁਖਾ ਹੈ। ਅਿਸ ਨੂਂ ਕੂਜ ਪੀਲਾ ਦਿਔ।ਵ

(ਙ) ਵੰਡ ਨੂੰ ਗਾਂ ਧਾ ਦੇ। 10

8. ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਲਿਖੋ :

(ੳ) ਕਿਸੇ ਪ੍ਰਤੀ ਪ੍ਰਗਟ ਕੀਤੀ ਸ਼ਰਧਾ।

(ਅ) ਬਹੁਤੀਆਂ ਕੌਮਾਂ ਨਾਲ ਸਬੰਧ ਰੱਖਣ ਵਾਲਾ।

(ੲ) ਜਿਹੜਾ ਦਿਲ ਦੀਆਂ ਜਾਣਦਾ ਹੋਵੇ।

(ਸ) ਜਿਸ ਨੂੰ ਮੇਟਿਆ ਨਾ ਜਾ ਸਕੇ।

(ਹ) ਉਹ ਮੱਝ ਜੋ ਹਰ ਸਾਲ ਸੂਆ ਦੇਵੇ।

(ਕ) ਜਿਹੜਾ ਸਮਾਜ ਵਿਚ ਹਰ ਤਰ੍ਹਾਂ ਦੀ ਬਰਾਬਰੀ ਚਾਹੇ।

(ਖ) ਸੋਨੇ ਚਾਂਦੀ ਦਾ ਵਪਾਰ ਕਰਨ ਵਾਲਾ।

(ਗ) ਉਹ ਥਾਂ ਜਿੱਥੇ ਪਹਿਲਵਾਨ ਘੋਲ ਕਰਦੇ ਹਨ।

(ਘ) ਉਹ ਧਰਤੀ ਜਿਸ ਵਿਚ ਸ਼ੋਗ ਹੋਵੇ।

(ਙ) ਪਤੀ ਦੀ ਦੂਜੀ ਵਿਆਹੀ ਹੋਈ ਪਤਨੀ। 10

9. ਆਪਣੀਆਂ ਪਾਠ-ਪੁਸਤਕਾਂ ਦੇ ਆਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਦੇ ਠੀਕ ਉੱਤਰ ਚੁਣ ਕੇ ਲਿਖੋ :

1. ਸੰਤੋਖ ਸਿੰਘ ਧੀਰ ਨੇ ਸਾਹਿਤ ਦੇ ਕਿਸ ਖੇਤਰ ਵਿਚ ਨਾ ਖੱਟਿਆ?

(ੳ) ਕਵਿਤਾ (ਅ) ਕਵਿਤਾ ਤੇ ਕਹਾਣੀ

(ੲ) ਨਾਵਲ (ਸ) ਨਾਟਕ

2. 'ਲੂਣਾਂ' ਕਵਿਤਾ ਵਿਚ ਸ਼ਿਵ ਕੁਮਾਰ ਬਟਾਲਵੀ ਨੇ ਕਿਸ ਨੂੰ ਦੋਸ਼ੀ ਠਹਿਰਾਇਆ ਹੈ?

(ੳ) ਸਮਾਜ ਨੂੰ (ਅ) ਪਤੀ ਨੂੰ

(ੲ) ਪੂਰਨ ਨੂੰ (ਸ) ਧਰਮ ਨੂੰ

3. 'ਤੂਫਾਨਾਂ ਨੇ ਕਦੇ ਮਾਤ ਨਹੀਂ ਖਾਦੀ' ਕਵਿਤਾ ਵਿਚ ਕਵੀ 'ਭਰਮ ਦੇ ਪੁੱਤੋ' ਕਿਸ ਨੂੰ ਕਹਿ ਰਿਹਾ ਹੈ?

(ੳ) ਜੁਝਾਰੂ ਨੂੰ

(ਅ) ਕਲਾਕਾਰ ਨੂੰ

(ੲ) ਲੁਟੇਰੇ ਨੂੰ

(ਸ) ਸਰਮਾਏਦਾਰੀ ਦੇ ਬੁੱਧੀਜੀਵੀਆਂ ਨੂੰ

4. 'ਸਮਾਜਵਾਦ' ਕਵਿਤਾ ਕਿਸ ਦੁਆਰਾ ਰਚਿਤ ਹੈ?

(ੳ) ਸ਼ਿਵ ਕੁਮਾਰ ਬਟਾਲਵੀ (ਅ) ਡਾ: ਹਰਿਭਜਨ ਸਿੰਘ

(ੲ) ਬਾਵਾ ਬਲਵੰਤ (ਸ) ਪ੍ਰੋ: ਪੂਰਨ ਸਿੰਘ

5. ਡਾ: ਹਰਿਭਜਨ ਸਿੰਘ ਕਿਸ ਵਿਚਾਰਧਾਰਾ ਦਾ ਕਵੀ ਸੀ?

(ੳ) ਪ੍ਰਯੋਗਵਾਦੀ (ਅ) ਪ੍ਰਗਤੀਵਾਦੀ

(ੲ) ਆਦਰਸ਼ਵਾਦੀ (ਸ) ਰੁਮਾਂਸਵਾਦੀ

6. ਕੁਲਵੰਤ ਸਿੰਘ ਵਿਰਕ ਦੇ ਕਿਸ ਕਹਾਣੀ ਸੰਗ੍ਰਹਿ ਨੂੰ ਪੰਜਾਬ ਸਰਕਾਰ ਨੇ ਸਨਮਾਨਿਤ ਕੀਤਾ?

(ੳ) ਦੁੱਧ ਦਾ ਛੱਪੜ

(ਅ) ਤੂੜੀ ਦੀ ਪੰਡ

(ੲ) ਛਾਹ ਵੇਲਾ

(ਸ) ਨਵੇਂ ਲੋਕ

7. ਸ਼ਿੰਦਰ, ਮਾਮੀ ਦਾ ਕੀ ਲਗਦਾ ਹੈ?

(ੳ) ਚਾਚੇ ਦਾ ਪੁੱਤਰ (ਅ) ਸੌਂਕਣ ਦਾ ਪੁੱਤਰ

(ੲ) ਭੈਣ ਦਾ ਪੁੱਤਰ (ਸ) ਮਾਸੀ ਦਾ ਪੁੱਤਰ

8. ਘੁਦੂ ਕਿਸ ਦੇ ਫੁੱਲ ਪਾਉਣ ਦੀ ਗੱਲ ਕਰਦਾ ਹੈ?

(ੳ) ਆਪਣੇ ਪਿਤਾ ਦੇ (ਅ) ਆਪਣੀ ਸੱਸ ਦੇ

(ੲ) ਆਪਣੇ ਭਰਾ ਦੇ (ਸ) ਆਪਣੀ ਮਾਂ ਦੇ

9. ਮਾਨ ਸਿੰਘ ਕਿਸ ਨੌਕਰੀ ਤੋਂ ਛੁੱਟੀ ਆਇਆ ਹੈ?

(ੳ) ਅਧਿਆਪਕ ਦੀ (ਅ) ਫੌਜ ਦੀ

(ੲ) ਪੁਲਿਸ ਦੀ (ਸ) ਬੈਂਕ ਦੀ

10. ਬਲਵਿੰਦਰ ਕੌਰ ਕਿਸ ਦੀ ਪਤਨੀ ਹੈ?

(ੳ) ਪਿਆਰਾ ਸਿੰਘ ਦੀ

(ਅ) ਬਖ਼ਤਾਵਰ ਸਿੰਘ ਦੀ

(ੲ) ਸੁਖਚੈਨ ਸਿੰਘ ਦੀ

(ਸ) ਸੋਹਣ ਸਿੰਘ ਦੀ। 10

---